# ਪਾਵਰ ਕੱਟ ਦੌਰਾਨ ਮੁਫ਼ਤ ਵਿੱਚ ਵਾਧੂ ਸਹਾਇਤਾ ਪਾਓ

## ਤਰਜੀਹੀ ਸੇਵਾਵਾਂ ਲਈ ਰਜਿਸਟਰ ਕਰੋ



**ਪਾਵਰ ਕੱਟ?**
**105 'ਤੇ ਕਾਲ ਕਰੋ**

Scottish & Southern Electricity Networks

Powering our community



# ਸਭ ਤੋਂ ਵੱਧ ਜ਼ਰੂਰਤਮੰਦ ਲੋਕਾਂ ਲਈ ਵਾਧੂ ਮਦਦ

ਅਸੀਂ ਉਹਨਾਂ ਤਾਰਾਂ ਅਤੇ ਕੇਬਲਾਂ ਦਾ ਧਿਆਨ ਰੱਖਦੇ ਹਾਂ, ਜੋ ਸਕਾਟਲੈਂਡ ਦੇ ਉੱਤਰ ਵਿੱਚ ਮੌਜੂਦ ਇਲਾਕੇ ਅਤੇ ਮੱਧ ਦੱਖਣੀ ਇੰਗਲੈਂਡ ਦੇ ਭਾਈਚਾਰਿਆਂ ਨੂੰ ਬਿਜਲੀ ਪਹੁੰਚਾਉਂਦੀਆਂ ਹਨ। **ਅਸੀਂ ਤੁਹਾਨੂੰ ਬਿਜਲੀ ਦੇ ਬਿੱਲ ਭੇਜਣ ਵਾਲੀ ਕੰਪਨੀ ਨਹੀਂ ਹਾਂ** - ਸਾਡਾ ਕੰਮ ਬਿਜਲੀ ਨੈੱਟਵਰਕਾਂ ਦੀ ਸਾਂਭ-ਸੰਭਾਲ ਅਤੇ ਮੁਰੰਮਤ ਕਰਨਾ ਹੈ। ਪਾਵਰ ਕੱਟਾਂ ਨੂੰ ਜਿੰਨੀ ਜਲਦੀ ਹੋ ਸਕੇ ਸੁਰੱਖਿਅਤ ਢੰਗ ਨਾਲ ਠੀਕ ਕਰਨਾ ਵੀ ਸਾਡਾ ਕੰਮ ਹੈ।

ਸਾਨੂੰ ਪਤਾ ਹੈ ਕਿ ਪਾਵਰ ਕੱਟ ਪਰੇਸ਼ਾਨ ਕਰਨ ਵਾਲੇ ਜਾਂ ਮੁਸ਼ਕਲ ਭਰੇ ਹੋ ਸਕਦੇ ਹਨ, ਇਸ ਲਈ ਅਸੀਂ ਮੁਫ਼ਤ ਵਿੱਚ ਵਾਧੂ ਮਦਦ ਅਤੇ ਸਹਾਇਤਾ ਦੀ ਪੇਸ਼ਕਸ਼ ਕਰਦੇ ਹਾਂ। ਜੇ ਸਾਨੂੰ ਇਹ ਪਹਿਲਾਂ ਤੋਂ ਪਤਾ ਹੋਵੇ ਕਿ ਤੁਹਾਨੂੰ ਕਿਸ ਤਰ੍ਹਾਂ ਦੀ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ, ਤਾਂ ਅਸੀਂ ਤੁਹਾਡੀ ਬਿਹਤਰ ਅਤੇ ਜਲਦੀ ਮਦਦ ਕਰ ਸਕਦੇ ਹਾਂ। ਜੇ ਤੁਸੀਂ ਤਰਜੀਹੀ ਸੇਵਾਵਾਂ ਲਈ ਰਜਿਸਟਰ ਕਰਨਾ ਚਾਹੁੰਦੇ ਹੋ, ਭਾਵੇਂ ਸਿਰਫ਼ ਅਸਥਾਈ ਤੌਰ 'ਤੇ, ਤਾਂ ਕਿਰਪਾ ਕਰਕੇ ਸਾਨੂੰ **0800 294 3259** 'ਤੇ ਕਾਲ ਕਰੋ ਜਾਂ ਨੱਥੀ ਫਾਰਮ ਨੂੰ ਭਰੋ।



## ਤੁਸੀਂ ਸਾਡੇ ਨਾਲ ਰਜਿਸਟਰ ਕਰਨਾ ਚਾਹ ਸਕਦੇ ਹੋ ਜੇ:

- ਤੁਸੀਂ ਬੋਲਣ ਜਾਂ ਸੁਣਨ ਵਿੱਚ ਅਸਮੱਰਥ ਹੋ
- ਤੁਸੀਂ ਅਸਮਰਥਤਾ ਪੀੜਤ ਹੋ
- ਤੁਸੀਂ ਪੰਜ ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਰਹਿੰਦੇ ਹੋ
- ਤੁਹਾਨੂੰ ਨਜ਼ਰ ਨਹੀਂ ਆਉਂਦਾ ਜਾਂ ਤੁਹਾਡੀ ਨਜ਼ਰ ਕਮਜ਼ੋਰ ਹੈ
- ਤੁਹਾਨੂੰ ਕੋਈ ਪੁਰਾਣੀ ਬਿਮਾਰੀ ਹੈ
- ਤੁਸੀਂ ਬਿਜਲੀ 'ਤੇ ਚੱਲਣ ਵਾਲੇ ਮੈਡੀਕਲ ਉਪਕਰਣਾਂ/ ਸਹਾਇਕ ਸਾਧਨਾਂ ਦੀ ਵਰਤੋਂ ਕਰਦੇ ਹੋ
- ਤੁਹਾਡੀ ਉਮਰ 60 ਸਾਲ ਤੋਂ ਵੱਧ ਹੈ
- ਤੁਹਾਨੂੰ ਅਸਥਾਈ ਤੌਰ 'ਤੇ ਵਾਧੂ ਸਹਾਇਤਾ ਦੀ ਲੋੜ ਹੈ

**ਬੇਸ਼ੱਕ, ਹਰ ਕਿਸੇ ਦੀਆਂ ਵੱਖੋ-ਵੱਖਰੀਆਂ ਲੋੜਾਂ ਹੁੰਦੀਆਂ ਹਨ, ਇਸ ਲਈ ਆਪਣੀਆਂ ਲੋੜਾਂ ਬਾਰੇ ਚਰਚਾ ਕਰਨ ਲਈ ਸਾਡੇ ਨਾਲ ਬੇਝਿਜਕ ਸੰਪਰਕ ਕਰੋ।**

# ਅਸੀਂ ਕੀ ਪੇਸ਼ਕਸ਼ ਕਰਨਾ ਚਾਹੁੰਦੇ ਹਾਂ

## ਯੋਜਨਾਬੱਧ ਜਾਂ ਗੈਰ-ਯੋਜਨਾਬੱਧ ਪਾਵਰ ਕੱਟਾਂ ਦੌਰਾਨ ਤਰਜੀਹੀ ਵਤੀਰਾ

ਸਾਡੀ ਤਰਜੀਹੀ ਸੇਵਾ ਲਾਈਨ ਦਿਨ ਵਿੱਚ 24 ਘੰਟੇ ਉਪਲਬਧ ਹੈ। ਜੇ ਸਾਨੂੰ ਜ਼ਰੂਰੀ ਰੱਖ-ਰਖਾਅ ਕਰਨ ਲਈ ਤੁਹਾਡੀ ਪਾਵਰ ਨੂੰ ਬੰਦ ਕਰਨ ਦੀ ਲੋੜ ਪੈਂਦੀ ਹੈ, ਤਾਂ ਅਸੀਂ ਤੁਹਾਡੇ ਨਾਲ, ਜਾਂ ਤੁਹਾਡੇ ਵੱਲੋਂ ਨਾਮਜ਼ਦ ਵਿਅਕਤੀ ਨਾਲ ਸੰਪਰਕ ਕਰਾਂਗੇ।

## ਸਥਾਨਕ ਐਮਰਜੈਂਸੀ ਸੇਵਾਵਾਂ ਨਾਲ ਕਨੈਕਸ਼ਨ

ਸਾਡੇ ਤਰਜੀਹੀ ਸੇਵਾਵਾਂ ਰਜਿਸਟਰ ਵਿੱਚ ਮੌਜੂਦ ਲੋਕਾਂ ਨੂੰ ਵਾਧੂ ਸਹਾਇਤਾ ਉਪਲਬਧ ਕਰਵਾਉਣ ਲਈ, ਅਸੀਂ ਸਥਾਨਕ ਅਥਾਰਟੀਆਂ, ਐਮਰਜੈਂਸੀ ਸੇਵਾਵਾਂ ਅਤੇ ਅਜਿਹੀ ਏਜੰਸੀਆਂ ਨਾਲ ਮਿਲ ਕੇ ਕੰਮ ਕਰਦੇ ਹਾਂ, ਜਿਵੇਂ ਕਿ ਬ੍ਰਿਟਿਸ਼ ਰੈੱਡ ਕਰਾਸ।

## ਐਮਰਜੈਂਸੀ ਬਿਜਲੀ ਸਪਲਾਈ

ਜੇ ਤੁਸੀਂ ਬਿਜਲੀ 'ਤੇ ਚੱਲਣ ਵਾਲੇ ਮੈਡੀਕਲ ਉਪਕਰਣਾਂ/ਸਹਾਇਕ ਸਾਧਨਾਂ ਦੀ ਵਰਤੋਂ ਕਰਦੇ ਹੋ, ਤਾਂ ਸਾਡਾ ਉਦੇਸ਼ ਲੰਬੇ ਸਮੇਂ ਤੱਕ ਬਣੀਆਂ ਰਹਿੰਦੀਆਂ ਸਪਲਾਈ ਰੁਕਾਵਟਾਂ ਦੌਰਾਨ ਵਾਧੂ ਸਹਾਇਤਾ ਪ੍ਰਦਾਨ ਕਰਨਾ ਹੈ।

## ਤੁਹਾਡੀਆਂ ਲੋੜਾਂ ਮੁਤਾਬਕ ਸੁਰੱਖਿਆ ਸਲਾਹ

ਬੇਨਤੀ ਕੀਤੇ ਜਾਣ 'ਤੇ, ਅਸੀਂ ਤੁਹਾਨੂੰ ਪਾਵਰ ਕੱਟ ਲਈ ਤਿਆਰੀ ਕਰਨ ਦੇ ਤਰੀਕੇ ਬਾਰੇ ਸਲਾਹ ਉਸ ਰੂਪ ਵਿੱਚ ਦੇਵਾਂਗੇ (ਜਿਵੇਂ ਬ੍ਰੇਲ, ਟੈਕਸਟਫੋਨ, ਈਜ਼ੀ ਰੀਡ, ਆਡੀਓ CD ਜਾਂ ਅੰਗਰੇਜ਼ੀ ਤੋਂ ਇਲਾਵਾ ਕੋਈ ਹੋਰ ਭਾਸ਼ਾ) ਜੋ ਤੁਹਾਡੇ ਲਈ ਢੁੱਕਵਾਂ ਹੈ।

## ਤੁਹਾਡੇ ਭਾਈਚਾਰੇ ਲਈ ਪ੍ਰਬੰਧ

ਖਰਾਬ ਮੌਸਮ ਵਾਲੀਆਂ ਘਟਨਾਵਾਂ ਅਤੇ ਲੰਬੇ ਸਮੇਂ ਤੱਕ ਬਿਜਲੀ ਨਾ ਹੋਣ ਦੇ ਦੌਰਾਨ, ਸਾਡੇ ਕੋਲ ਉਪਲਬਧ ਸਥਾਨਕ ਕਲਿਆਣ ਵਾਹਨਾਂ ਦੀ ਮਦਦ ਨਾਲ ਅਸੀਂ ਲੋਕਾਂ ਕੋਲ ਖਾਣ-ਪੀਣ ਦੀਆਂ ਚੀਜ਼ਾਂ, ਨਿੱਘ ਅਤੇ ਚਾਰਜਿੰਗ ਪੁਆਇੰਟ ਉਪਲਬਧ ਕਰਾ ਸਕਦੇ ਹਾਂ।

## ਮਨ ਦੀ ਸ਼ਾਂਤੀ

ਅਸੀਂ ਅਜਿਹੀ ਸੇਵਾ ਉਪਲਬਧ ਕਰਵਾਉਂਦੇ ਹਾਂ ਜਿਸ ਵਿੱਚ ਤੁਸੀਂ ਇੱਕ ਪਾਸਵਰਡ ਨਿਰਧਾਰਤ ਕਰ ਸਕਦੇ ਹੋ ਅਤੇ ਸਕਾਟਿਸ਼ ਅਤੇ ਦੱਖਣੀ ਇਲੈਕਟ੍ਰੀਸਿਟੀ ਨੈੱਟਵਰਕਸ ਦੇ ਕਰਮਚਾਰੀ ਦੇ ਤੁਹਾਡੇ ਘਰ ਆਉਣ ‘ਤੇ ਉਹ ਪਾਸਵਰਡ ਦੱਸਣ ‘ਤੇ ਹੀ ਉਸ ਨੂੰ ਘਰ ਅੰਦਰ ਆਉਣ ਦੀ ਇਜ਼ਾਜ਼ਤ ਦੇ ਸਕਦੇ ਹੋ। ਇਸ ਨਾਲ ਅਸੀਂ ਤੁਹਾਡੀ ਨਿੱਜੀ ਸੁਰੱਖਿਆ ਅਤੇ ਘਰ ਦੀ ਰੱਖਿਆ ਕਰ ਸਕਦੇ ਹਾਂ।

**ਸਾਡੀਆਂ ਸਾਰੀਆਂ ਤਰਜੀਹੀ ਸੇਵਾਵਾਂ ਮੁਫ਼ਤ ਹਨ**

# ਮੁਫ਼ਤ ਊਰਜਾ ਕਾਰਗਰਤਾ ਮਦਦ

## ਅਸੀਂ ਤੁਹਾਡੇ ਲਈ ਇਹਨਾਂ ਵਿਸ਼ਿਆਂ 'ਤੇ ਮੁਫ਼ਤ ਮਾਹਰ ਸਲਾਹ ਦਾ ਪ੍ਰਬੰਧ ਕਰ ਸਕਦੇ ਹਾਂ:

- ਊਰਜਾ ਬੱਚਤ ਅਤੇ ਬਿੱਲ ਘੱਟ ਕਰਨਾ
- ਊਰਜਾ ਸਪਲਾਇਰ ਬਦਲਣਾ
- ਇਨਸੂਲੇਸ਼ਨ ਜਾਂ ਊਰਜਾ ਬੱਚਤ ਦੇ ਉਪਾਵਾਂ ਲਈ ਭੁਗਤਾਨ ਕਰਨ ਲਈ ਫੰਡਿੰਗ ਜਾਂ ਅਨੁਦਾਨ
- ਲਾਭ ਹੱਕਦਾਰੀ ਦੀਆਂ ਮੁਫ਼ਤ ਜਾਂਚਾਂ ਸਮੇਤ ਉਪਲਬਧ ਵਿੱਤੀ ਮਦਦ
- ਆਪਣੇ ਘਰ ਵਿੱਚ ਹੀਟਿੰਗ, ਗਰਮ ਪਾਣੀ, ਉਪਕਰਨਾਂ, ਰੋਸ਼ਨੀ ਅਤੇ ਥਰਮੋਸਟੈਟਸ ਦਾ ਵੱਧ ਤੋਂ ਵੱਧ ਲਾਭ ਉਠਾਉਣਾ

## ਇਹ ਮੁਫ਼ਤ ਸੇਵਾਵਾਂ ਪ੍ਰਾਪਤ ਕਰਨ ਦੇ ਚਾਰ ਤਰੀਕੇ:

1. ਸਾਨੂੰ **0800 294 3259** 'ਤੇ ਮੁਫ਼ਤ ਵਿੱਚ ਕਾਲ ਕਰੋ ਅਤੇ ਅਸੀਂ ਤੁਹਾਡੇ ਲਈ ਹੋਮ ਐਨਰਜੀ ਸਕਾਟਲੈਂਡ (HES) ਜਾਂ ਯੈੱਸ ਐਨਰਜੀ ਸੌਲਿਊਸ਼ਨਜ਼ (YES) ਤੋਂ ਢੁੱਕਵੀਂ ਮਦਦ ਦਾ ਬਿਲਕੁਲ ਮੁਫ਼ਤ ਪ੍ਰਬੰਧ ਕਰਾਂਗੇ।
2. ਕਿਰਪਾ ਕਰਕੇ **ssen.co.uk/energyadvice** ‘ਤੇ ਜਾਓ ਅਤੇ ਔਨਲਾਇਨ ਫਾਰਮ ਭਰੋ
3. ਪਿੱਛੇ ਦਿੱਤੇ ਬਾਕਸ 'ਤੇ ਸਹੀ ਦਾ ਨਿਸ਼ਾਨ ਲਗਾਓ ਤਾਂ ਜੋ ਅਸੀਂ ਤੁਹਾਡੇ ਵੇਰਵੇ HES ਜਾਂ YES ਨੂੰ ਭੇਜ ਪਾਈਏ ਅਤੇ ਉਹ ਤੁਹਾਨੂੰ ਕਾਲ ਕਰ ਸਕਣ
4. ਜਾਂ, ਜੇ ਤੁਸੀਂ ਇੰਗਲੈਂਡ ਵਿੱਚ ਰਹਿੰਦੇ ਹੋ, ਤਾਂ ਤੁਸੀਂ ਯੈੱਸ ਐਨਰਜੀ ਸੌਲਿਊਸ਼ਨਜ਼ ਨੂੰ ਸਿੱਧੇ **03301 359 110** 'ਤੇ ਕਾਲ ਕਰ ਸਕਦੇ ਹੋ (ਕਾਲ ਦਾ ਖਰਚਾ ਸਥਾਨਕ ਦਰ ਮੁਤਾਬਕ ਹੋਵੇਗਾ)

# ਅੱਜ ਹੀ ਤਰਜੀਹੀ ਸੇਵਾਵਾਂ ਲਈ ਰਜਿਸਟਰ ਕਰੋ

## ਫਾਰਮ ਭਰੋ ਜਾਂ ਮੁਫ਼ਤ ਕਾਲ ਜਰੋ

0800 294 3259

0800 316 5457 ਟੈਕਸਟਫੋਨ

ssen.co.uk/psr

## ਪਾਵਰ ਕੱਟ ਲਈ ਤਿਆਰ ਰਹੋ

- ਆਪਣੇ ਕੋਲ ਕੁਝ ਗਰਮ ਕੱਪੜੇ ਅਤੇ ਹੱਥ ਵਿੱਚ ਬੈਟਰੀ ਨਾਲ ਚੱਲਣ ਵਾਲੀ ਟਾਰਚ ਰੱਖੋ।
- ਇਹ ਦੇਖੋ ਕਿ ਤੁਹਾਡੇ ਕੋਲ ਕਿਸੇ ਵੀ ਮੈਡੀਕਲ ਉਪਕਰਣ ਲਈ ਬੈਕ-ਅੱਪ ਪਾਵਰ ਹੈ।
- ਇਹ ਦੇਖੋ ਕਿ ਤੁਹਾਡੀ ਪੌੜੀ-ਲਿਫ਼ਟ ਨੂੰ ਹੱਥੀਂ ਚਲਾਇਆ ਜਾ ਸਕਦਾ ਹੈ ਜਾਂ ਇਸ ਦੇ ਲਈ ਬੈਟਰੀ ਬੈਕ-ਅੱਪ ਹੈ।
- ਇਹ ਯਕੀਨੀ ਬਣਾਓ ਕਿ ਤੁਹਾਡਾ ਮੋਬਾਈਲ ਫ਼ੋਨ ਚਾਰਜ ਕੀਤਾ ਹੋਇਆ ਹੋਵੇ, ਤਾਂ ਜੋ ਪਾਵਰ ਕੱਟ ਹੋਣ 'ਤੇ ਤੁਸੀਂ 105 'ਤੇ ਕਾਲ ਕਰ ਸਕੋ।

**ਪਾਵਰ ਕੱਟ?**
**105 'ਤੇ ਕਾਲ ਕਰੋ**

Scottish & Southern Electricity Networks

/ssencommunity @ssencommunity

ਸਕਾਟਿਸ਼ ਅਤੇ ਦੱਖਣੀ ਇਲੈਕਟ੍ਰੀਸਿਟੀ ਨੈਟਵਰਕਸ ਇਹਨਾਂ ਦਾ ਵਪਾਰਕ ਨਾਮ ਹੈ: Scottish and Southern Energy Power Distribution Limited ਜੋ SC213459 ਨੰਬਰ ਨਾਲ ਸਕਾਟਲੈਂਡ ਵਿੱਚ ਰਜਿਸਟਰਡ ਹੈ; Scottish Hydro Electric Transmission plc ਜੋ SC213461 ਨੰਬਰ ਨਾਲ ਸਕਾਟਲੈਂਡ ਵਿੱਚ ਰਜਿਸਟਰਡ ਹੈ; Scottish Hydro Electric Power Distribution plc ਜੋ SC213460 ਨੰਬਰ ਨਾਲ ਸਕਾਟਲੈਂਡ ਵਿੱਚ ਰਜਿਸਟਰਡ ਹੈ; (ਸਾਰਿਆਂ ਦੇ ਰਜਿਸਟਰਡ ਦਫ਼ਤਰ Inveralmond House 200 Dunkeld Road Perth PH1 3AQ ਵਿਖੇ ਹਨ); ਅਤੇ Southern Electric Power Distribution plc ਜੋ ਨੰਬਰ 04094290 ਨਾਲ ਇੰਗਲੈਂਡ ਅਤੇ ਵੇਲਜ਼ ਵਿੱਚ ਰਜਿਸਟਰਡ ਹੈ ਜਿਸਦਾ ਰਜਿਸਟਰਡ ਦਫ਼ਤਰ No. 1 Forbury Place 43 Forbury Road Reading RG1 3JH ਵਿਖੇ ਹੈ ਜੋ SSE ਗਰੁੱਪ ਦੇ ਮੈਂਬਰ ਹਨ www.ssen.co.uk।

# ਤਰਜੀਹੀ ਸੇਵਾਵਾਂ ਰਜਿਸਟ੍ਰੇਸ਼ਨ ਫਾਰਮ

**ਉਸ ਵਿਅਕਤੀ ਲਈ ਸੰਪਰਕ ਵੇਰਵੇ**
ਜਿਸ ਨੂੰ ਪਾਵਰ ਕੱਟ ਦੌਰਾਨ ਵਾਧੂ ਮਦਦ ਦੀ ਲੋੜ ਪੈ ਸਕਦੀ ਹੈ।

| | | | |
|---|---|---|---|
| **ਸਿਰਲੇਖ** | | **ਪਹਿਲਾ ਨਾਂ** | |
| | | **ਉਪਨਾਮ** | |
| **ਪਤਾ** | | | |
| | | **ਪੋਸਟਕੋਡ** | |
| **ਘਰ ਦਾ ਫ਼ੋਨ ਨੰਬਰ** | | | |
| **ਮੋਬਾਇਲ ਫ਼ੋਨ** | | | |
| **ਟੈਕਸਟਫੋਨ** | | | |

**ਘਰ ਵਿਖੇ ਮੁਲਾਕਾਤ ਲਈ ਸੁਰੱਖਿਆ**
(ਵੱਧ ਤੋਂ ਵੱਧ 10 ਅੱਖਰ)
ਜੇ ਤੁਸੀਂ ਚਾਹੁੰਦੇ ਹੋ ਕਿ ਤੁਹਾਨੂੰ ਮਿਲਣ ਸਮੇਂ ਅਸੀਂ ਇੱਕ ਪਾਸਵਰਡ ਦੀ ਵਰਤੋਂ ਕਰੀਏ, ਤਾਂ ਉਸ ਨੂੰ ਇੱਥੇ ਲਿਖੋ:

**ਮੇਰਾ ਨਾਮਜ਼ਦ ਸੰਪਰਕ** (ਜੇ ਲਾਗੂ ਹੋਵੇ)
ਕੋਈ ਪਰਿਵਾਰਕ ਮੈਂਬਰ ਜਾਂ ਦੋਸਤ ਜਿਸ ਨਾਲ ਅਸੀਂ ਤੁਹਾਡੀ ਤਰਫ਼ੋਂ ਸੰਪਰਕ ਕਰ ਸਕਦੇ ਹਾਂ

| | | | |
|---|---|---|---|
| **ਸਿਰਲੇਖ** | | **ਪਹਿਲਾ ਨਾਂ** | |
| | | **ਉਪਨਾਮ** | |
| **ਘਰ ਦਾ ਫ਼ੋਨ ਨੰਬਰ** | | | |
| **ਮੋਬਾਇਲ ਫ਼ੋਨ** | | | |
| **ਟੈਕਸਟਫੋਨ** | | | |
| **ਸੰਬੰਧ** | | | |

ਅਸੀਂ ਤੁਹਾਡੇ ਡੇਟਾ ਨੂੰ ਕਿਵੇਂ ਇਕੱਤਰ ਕਰਦੇ ਹਾਂ, ਸਟੋਰ ਕਰਦੇ ਹਾਂ ਅਤੇ ਪ੍ਰੋਸੈਸ ਕਰਦੇ ਹਾਂ, ਇਸ ਬਾਰੇ ਜਾਣਨ ਲਈ, ਕਿਰਪਾ ਕਰਕੇ **ssen.co.uk/PrivacyNotice/** 'ਤੇ ਸਾਡਾ ਨਿੱਜਤਾ ਨੋਟਿਸ ਦੇਖੋ (ਕਾਗਜ਼ੀ ਕਾਪੀ ਦੀ ਬੇਨਤੀ ਕਰਨ ਲਈ ਸਾਡੇ ਨਾਲ ਸੰਪਰਕ ਕਰੋ)।

ਜੇ ਤੁਹਾਨੂੰ ਹੁਣ ਤਰਜੀਹੀ ਸੇਵਾਵਾਂ ਦੀ ਲੋੜ ਨਹੀਂ ਹੈ, ਤਾਂ ਸਾਨੂੰ **0800 294 3259** 'ਤੇ ਕਾਲ ਕਰੋ ਜਾਂ ਸਾਨੂੰ **0800 316 5457** 'ਤੇ ਟੈਕਸਟਫੋਨ ਕਰੋ ਜਾਂ **Networks.Priority.Services@sse.com**'ਤੇ ਜਾਓ, ਅਤੇ ਅਸੀਂ ਤੁਹਾਡਾ ਨਾਮ ਰਜਿਸਟਰ ਤੋਂ ਹਟਾ ਦੇਵਾਂਗੇ।

# ਤਰਜੀਹੀ ਸੇਵਾਵਾਂ ਰਜਿਸਟ੍ਰੇਸ਼ਨ ਫਾਰਮ

**ਬਿਜਲੀ 'ਤੇ ਚੱਲਣ ਵਾਲੇ ਮੈਡੀਕਲ ਉਪਕਰਣ/ਸਹਾਇਕ ਸਾਧਨ)** ਉਪਕਰਣ ਦੀ ਕਿਸਮ

**ਰਜਿਸਟਰ ਕਰਨ ਦੇ ਕਾਰਨ** (ਲਾਗੂ ਹੋਣ ਵਾਲੇ ਸਾਰੇ ਬਾਕਸਾਂ 'ਤੇ ਸਹੀ ਦਾ ਨਿਸ਼ਾਨ ਲਗਾਓ)

| | | | |
|---|---|---|---|
| ☐ ਪੁਰਾਣੀ ਬਿਮਾਰੀ | ☐ ਨਜ਼ਰ ਨਹੀਂ ਆਉਂਦਾ | ☐ ਘੱਟ ਨਜ਼ਰ ਆਉਂਦਾ ਹੈ | ☐ ਉਮਰ 60 ਸਾਲ ਤੋਂ ਵੱਧ ਹੈ |
| ☐ ਬੋਲਣ ਵਿੱਚ ਸਮੱਸਿਆ ਆਉਂਦੀ ਹੈ | ☐ ਵਿਕਾਸ ਸੰਬੰਧੀ ਕੋਈ ਸਮੱਸਿਆ ਹੈ | ☐ ਡਿਮੈਂਸ਼ੀਆ /ਬੋਧਾਤਮਕ ਕਮਜ਼ੋਰੀ | ☐ ਸਰੀਰਕ ਕਮਜ਼ੋਰੀ |
| ☐ ਦਿਮਾਗੀ ਸਿਹਤ | ☐ ਸੁਣਨ ਵਿੱਚ ਅਸਮੱਰਥ (inc), ਬੋਲੇ ਹੋ | ☐ ਹੱਥ ਦੀ ਹਿੱਲ-ਜੁੱਲ ਵਿੱਚ ਮੁਸ਼ਕਲ | ☐ 5 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨਾਲ ਰਹਿੰਦੇ ਹੋ |
| ☐ ਸੁੰਘਣ/ਸਵਾਦ ਦੀ ਸ਼ਕਤੀ ਵਿੱਚ ਕਮੀ | ☐ ਦਰਵਾਜ਼ੇ 'ਤੇ ਆਏ ਵਿਅਕਤੀ ਨੂੰ ਜਵਾਬ ਦੇਣ ਵਿੱਚ ਅਸਮਰੱਥ | ☐ ਵਾਧੂ ਮੌਜੂਦਗੀ ਨੂੰ ਤਰਜੀਹ ਦਿੰਦੇ ਹੋ | ☐ ਪਾਣੀ 'ਤੇ ਨਿਰਭਰ ਹੋ |
| **ਅਸਥਾਈ:** | ☐ ਜ਼ਿੰਦਗੀ ਵਿੱਚ ਬਦਲਾਅ | ☐ ਹਸਪਤਾਲ ਤੋਂ ਛੁੱਟੀ ਮਿਲਣ ਤੋਂ ਬਾਅਦ ਦੀ ਰਿਕਵਰੀ | ☐ 18 ਸਾਲ ਤੋਂ ਘੱਟ ਉਮਰ ਦਾ ਨੌਜਵਾਨ ਘਰ ਦਾ ਮਾਲਕ |

**ਹੋਰ ਕਾਰਨ, ਜਿਨ੍ਹਾਂ ਲਈ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੋ ਸਕਦੀ ਹੈ** (ਕਿਰਪਾ ਕਰਕੇ ਜੇ ਲੋੜ ਹੋਵੇ, ਤਾਂ ਹੋਰ ਵੇਰਵੇ ਦਿਓ)

**ਜੇ ਅੰਗਰੇਜ਼ੀ ਤੁਹਾਡੀ ਮੁੱਖ ਭਾਸ਼ਾ ਨਹੀਂ ਹੈ, ਤਾਂ ਕਿਰਪਾ ਕਰਕੇ ਸਾਨੂੰ ਆਪਣੀ ਮੁੱਖ ਭਾਸ਼ਾ ਦੱਸੋ।**

**ਤੁਹਾਨੂੰ ਸਾਡੇ ਬਾਰੇ ਕਿਵੇਂ ਪਤਾ ਲੱਗਿਆ?**

## ਇਸ ਫਾਰਮ 'ਤੇ ਹਸਤਾਖਰ ਕਰਨ ਦਾ ਕੀ ਮਤਲਬ ਹੈ

ਇਸ ਫਾਰਮ 'ਤੇ ਹਸਤਾਖਰ ਕਰਕੇ ਤੁਸੀਂ ਪੁਸ਼ਟੀ ਕਰਦੇ ਹੋ ਕਿ ਤੁਸੀਂ ਇਹ ਸਮਝਦੇ ਹੋ ਕਿ ਸਾਨੂੰ ਕਿਸੇ ਐਮਰਜੈਂਸੀ ਦੀ ਸਥਿਤੀ ਵਿੱਚ ਤੀਜੀ ਧਿਰ ਨੂੰ ਤੁਹਾਡੇ ਵੇਰਵੇ ਦੇਣ ਦੀ ਲੋੜ ਪੈ ਸਕਦੀ ਹੈ, ਤਾਂ ਜੋ ਅਸੀਂ ਤੁਹਾਨੂੰ ਤਰਜੀਹੀ ਸੇਵਾਵਾਂ ਪ੍ਰਦਾਨ ਕਰ ਸਕੀਏ; ਇਸ ਵਿੱਚ ਬ੍ਰਿਟਿਸ਼ ਰੈੱਡ ਕਰਾਸ, ਸਥਾਨਕ ਅਧਿਕਾਰੀ ਜਾਂ ਐਮਰਜੈਂਸੀ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ। ਜੇ ਤੁਸੀਂ ਕੋਈ ਨਾਮਜ਼ਦ ਸੰਪਰਕ ਉਪਲਬਧ ਕਰਵਾਉਂਦੇ ਹੋ ਤਾਂ ਤੁਸੀਂ ਤਰਜੀਹੀ ਸੇਵਾਵਾਂ ਪ੍ਰਦਾਨ ਕਰਦੇ ਸਮੇਂ ਤੁਹਾਡੀ ਤਰਫੋਂ ਤੁਹਾਡੇ ਨਾਮਜ਼ਦ ਸੰਪਰਕ ਨਾਲ ਗੱਲ ਕਰਨ ਲਈ ਸਾਨੂੰ ਆਪਣੀ ਸਪੱਸ਼ਟ ਸਹਿਮਤੀ ਦਿੰਦੇ ਹੋ। ਇਸਦਾ ਮਤਲਬ ਇਹ ਹੋ ਸਕਦਾ ਹੈ ਕਿ ਅਸੀਂ ਉਹਨਾਂ ਨਾਲ ਤੁਹਾਡੇ ਅਤੇ ਤੁਹਾਡੀ ਸਪਲਾਈ ਬਾਰੇ ਜਾਣਕਾਰੀ ਸਾਂਝੀ ਕਰਾਂਗੇ।

ਤੁਹਾਡੀ ਸਹਿਮਤੀ ਨਾਲ, ਅਸੀਂ ਤੁਹਾਡੇ ਵੇਰਵਿਆਂ ਨੂੰ ਤੁਹਾਡੇ ਊਰਜਾ ਸਪਲਾਇਰ ਅਤੇ ਗੈਸ ਟਰਾਂਸਪੋਰਟਰ ਨੂੰ ਭੇਜ ਸਕਦੇ ਹਾਂ, ਜੋ ਤਰਜੀਹੀ ਸੇਵਾਵਾਂ ਦੀ ਵੀ ਪੇਸ਼ਕਸ਼ ਕਰ ਸਕਦੇ ਹਨ ਜਿਨ੍ਹਾਂ ਤੋਂ ਤੁਸੀਂ ਲਾਭ ਲੈ ਸਕਦੇ ਹੋ।

☐ **ਮੈਂ ਆਪਣੇ ਵੇਰਵੇ ਸਾਂਝੇ ਕਰਨ ਲਈ ਸਹਿਮਤ ਹਾਂ**

## ਤੁਹਾਡੇ ਵੇਰਵੇ ਸਾਂਝੇ ਕਰਨਾ

ਤੁਹਾਡੀ ਸਹਿਮਤੀ ਨਾਲ ਅਸੀਂ ਤੁਹਾਡੇ ਸੰਪਰਕ ਵੇਰਵਿਆਂ ਨੂੰ ਸਿਰਫ਼ ਹੋਮ ਐਨਰਜੀ ਸਕਾਟਲੈਂਡ ਜਾਂ ਯੌਂਸ ਐਨਰਜੀ ਸਲਿਊਸ਼ਨਜ਼ (ਜੇ ਤੁਸੀਂ ਇੰਗਲੈਂਡ ਵਿੱਚ ਰਹਿੰਦੇ ਹੋ) ਨੂੰ ਭੇਜਾਂਗੇ, ਤਾਂ ਜੋ ਉਹ ਤੁਹਾਡੇ ਨਾਲ ਸੰਪਰਕ ਕਰ ਸਕਣ ਅਤੇ ਤੁਹਾਨੂੰ ਤੁਹਾਡੇ ਘਰ ਵਿੱਚ ਗਰਮ ਰੱਖਣ ਅਤੇ ਤੁਹਾਡੇ ਪੈਸੇ ਦੀ ਬੱਚਤ ਕਰਨ ਵਿੱਚ ਮਦਦ ਕਰਨ ਲਈ ਮੁਫ਼ਤ ਸਲਾਹ ਦੇ ਸਕਣ।

☐ **ਮੈਂ ਹੋਮ ਐਨਰਜੀ ਸਕਾਟਲੈਂਡ (ਸਕਾਟਲੈਂਡ ਲਈ) ਜਾਂ ਯੌਂਸ ਐਨਰਜੀ ਸੌਲਿਊਸ਼ਨਜ਼ (ਇੰਗਲੈਂਡ ਲਈ) ਨਾਲ ਵੇਰਵੇ ਸਾਂਝੇ ਕਰਨ ਲਈ ਸਹਿਮਤ ਹਾਂ**

ਵਾਧੂ ਸਹਾਇਤਾ ਲਈ ਰਜਿਸਟਰ ਕਰਨ, ਜਾਂ ਉਹਨਾਂ ਲਈ ਫੈਸਲਾ ਲੈਣ ਦੇ ਕਾਨੂੰਨੀ ਅਧਿਕਾਰ ਵਾਲੇ ਵਿਅਕਤੀ ਦੇ ਹਸਤਾਖਰ

**ਮਿਤੀ** ______ **ਹਸਤਾਖਰ** ______

ਜੇ ਤੁਸੀਂ ਰਜਿਸਟਰ ਕਰਨ ਵਾਲੇ ਵਿਅਕਤੀ ਦੀ ਤਰਫੋਂ ਹਸਤਾਖਰ ਕਰ ਰਹੇ ਹੋ, ਤਾਂ ਕਿਰਪਾ ਕਰਕੇ ਅਜਿਹਾ ਕਰਨ ਲਈ ਆਪਣੇ ਕਾਨੂੰਨੀ ਅਧਿਕਾਰ ਦੀ ਇੱਕ ਕਾਪੀ ਵੀ ਦਿਓ।

## ਕਿਰਪਾ ਕਰਕੇ ਇੱਥੇ ਭੇਜੋ:

Priority Services, Scottish and Southern Electricity Networks, FREEPOST, RTGH-TXXT-ZAEG, Inveralmond House, 200 Dunkeld Road, Perth, PH1 3AQ